CAREERINDIA

SET – 4

Series : HRK/C

ਕੋਡ ਨੰ. **40(B)**

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **7** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **31** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **7** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **31** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

CAREERINDIA

# ਸੰਕਲਿਤ ਪ੍ਰੀਖਿਆ – II

# SUMMATIVE ASSESSMENT – II

# ਗਣਿਤ

## (ਕੇਵਲ ਨੇਤ੍ਰਹੀਨ ਪ੍ਰੀਖਿਆਰਥੀਆਂ ਲਈ)

## (ਪੰਜਾਬੀ ਉਲਥਾ)

# MATHEMATICS

## (FOR BLIND CANDIDATES ONLY)

## (Punjabi Version)

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 90*

*Time allowed : 3 hours* — *Maximum Marks : 90*

**ਵਿਆਪਕ ਨਿਰਦੇਸ਼ :**

(i) ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ ।*

(ii) *ਇਸ ਪ੍ਰਸ਼ਨ ਪਤ੍ਰ ਵਿਚ ਕੁਲ* ***31*** *ਪ੍ਰਸ਼ਨ ਹਨ ਜੋ* **ਚਾਰ** *ਖੰਡਾਂ ਵਿੱਚ – ਅ, ਬ, ਸ ਅਤੇ ਦ ਵਿੱਚ ਵੰਡੇ ਹੋਏ ਹਨ ।*

(iii) *ਖੰਡ* ***ਅ*** *ਵਿੱਚ* ***ਇੱਕ-ਇੱਕ*** *ਅੰਕ ਵਾਲੇ* ***4*** *ਪ੍ਰਸ਼ਨ ਹਨ । ਖੰਡ* ***ਬ*** *ਵਿੱਚ* ***6*** *ਪ੍ਰਸ਼ਨ ਹਨ ਜਿਨ੍ਹਾਂ ਵਿੱਚੋਂ ਹਰ ਇੱਕ ਪ੍ਰਸ਼ਨ* ***ਦੋ-ਦੋ*** *ਅੰਕ ਦਾ ਹੈ । ਖੰਡ* ***ਸ*** *ਵਿੱਚ* ***10*** *ਪ੍ਰਸ਼ਨ ਹਨ ਹਰ ਇੱਕ ਦੇ* ***ਤਿੰਨ-ਤਿੰਨ*** *ਅੰਕ ਹਨ । ਖੰਡ* ***ਦ*** *ਵਿੱਚ* ***11*** *ਪ੍ਰਸ਼ਨ ਹਨ, ਹਰ ਇੱਕ ਦੇ* ***ਚਾਰ-ਚਾਰ*** *ਅੰਕ ਹਨ ।*

(iv) *ਕੈਲਕੁਲੇਟਰ ਆਦਿ ਦੀ ਵਰਤੋਂ ਦੀ ਮਨਾਹੀ ਹੈ ।*

(v) *ਜਿਥੇ ਲੋੜ ਹੋਵੇ,* $\pi = \frac{22}{7}$ *ਲਵੋ ।*

### ਖੰਡ – ਅ



www.careerindia.com

CAREERINDIA

## SECTION – A

ਪ੍ਰਸ਼ਨ ਸੰਖਿਆ **1** ਤੋਂ **4** ਤਕ ਹਰ ਇਕ ਪ੍ਰਸ਼ਨ ਦਾ **1** ਅੰਕ ਹੈ ।

1. ਇਕ ਪਾਸੇ ਨੂੰ ਇਕ ਵਾਰੀ ਉਛਾਲਣ ਤੇ 5 ਤੋ ਘਟ ਆਉਣ ਦੀ ਕੀ ਸੰਭਾਵਨਾ ਹੈ ?

2. 5 ਸੈ:ਮੀ: ਅਰਧ ਵਿਆਸ ਵਾਲੇ ਚੱਕਰ ਦੇ ਕੇਂਦਰ O ਤੋਂ 13 ਸੈ:ਮੀ: ਦੀ ਦੂਰੀ ਤੇ ਸਥਿਤ ਬਿੰਦੂ P ਤੋਂ ਚੱਕਰ ਉਪਰ ਖਿੱਚੀ ਗਈ ਸਪਰਸ਼ ਰੇਖਾ ਦੀ ਲੰਬਾਈ ਪਤਾ ਕਰੋ ।

3. ਜੇਕਰ ਸਮੀਕਰਣ $x^2 + kx - \frac{5}{4} = 0$ ਦਾ ਇਕ ਮੂਲ $\frac{1}{2}$ ਹੈ, ਤਾ k ਦਾ ਮਾਨ ਪਤਾ ਕਰੋ ।

4. ਇਕ ਪਤੰਗ 120 ਮੀ. ਲੰਬੀ ਡੋਰ ਦੇ ਨਾਲ ਖਿਤਿਜ (ਲੇਟਵੀਂ ਦਿਸ਼ਾ) ਦੇ ਨਾਲ 60° ਦਾ ਕੋਣ ਬਣਾਂਦੀ ਹੋਈ ਉੱਡ ਰਹੀ ਹੈ । ਧਰਤੀ ਤੋਂ ਪਤੰਗ ਦੀ ਉਚਾਈ ਪਤਾ ਕਰੋ ।

## ਖੰਡ – ਬ

## SECTION – B

ਪ੍ਰਸ਼ਨ ਸੰਖਿਆ **5** ਤੋਂ **10** ਤਕ ਹਰ ਇਕ ਪ੍ਰਸ਼ਨ ਦੇ **2** ਅੰਕ ਹਨ ।

5. $x$ ਦੇ ਲਈ ਹਲ ਕਰੋ : $4\sqrt{3}x^2 + 5x - 2\sqrt{3} = 0$

6. ਇਕ ਅੰਕਗਣਿਤਿਕ ਲੜੀ ਦਾ n ਵਾਂ ਪਦ $t_n = 3n + 4$ ਰਾਹੀਂ ਦਰਸਾਇਆ ਜਾਂਦਾ ਹੈ ਤਾਂ ਇਸ ਦਾ ਸਾਂਝਾ ਅੰਤਰ ਪਤਾ ਕਰੋ ਅਤੇ ਪੈਹਲੇ 5 ਪਦਾਂ ਦਾ ਜੋੜ ਪਤਾ ਕਰੋ ।

www.careerindia.com

7. ਦਰਸਾਓ ਕਿ ਬਿੰਦੂ (3, – 2), (4, 2), (1, 4) ਅਤੇ (0, 0) ਇਸ ਹੀ ਕ੍ਰਮ ਵਿਚ ਇਕ ਸਮਾਂਤਰ ਚਤੁਰਭੁਜ ਦੇ ਸਿਖਰ ਹਨ ।

8. ਉਹ ਅਨੁਪਾਤ ਪਤਾ ਕਰੋ ਜਿਸ ਵਿਚ ਬਿੰਦੁ (–3, k), ਬਿੰਦੂਆ (–5, –4) ਅਤੇ (–2, 3) ਨੂੰ ਮਿਲਾਉਣ ਵਾਲੇ ਰੇਖਾ ਖੰਡ ਨੂੰ ਵੰਡਦਾ ਹੈ । ਅਤੇ k ਦਾ ਮਾਨ ਵੀ ਪਤਾ ਕਰੋ ।

9. ਦਰਸਾਓ ਕਿ ਦੋ ਸਕੇਂਦਰੀ ਚੱਕਰਾਂ ਵਿਚ ਵੱਡੇ ਚੱਕਰ ਦੀ ਵਤਰ (ਜੀਵਾ) ਜਿਹੜੀ ਕੇ ਛੋਟੇ ਚੱਕਰ ਨੂੰ ਸਪਰਸ਼ ਕਰਦੀ ਹੈ, ਸਪਰਸ ਬਿੰਦੂ ਤੇ ਦੋ ਬਰਾਬਰ ਭਾਗਾਂ ਵਿਚ ਵੰਡੀ ਜਾਂਦੀ ਹੈ ।

10. ਸਿੱਧ ਕਰੋ ਕਿ ਸਪਰਸ਼ ਬਿੰਦੂ ਤੋਂ ਸਪਰਸ਼ ਰੇਖਾ ਉਪਰ ਖਿਚਿਆ ਗਿਆ ਲੰਬ ਚੱਕਰ ਦੇ ਕੇਂਦਰ ਤੋਂ ਹੋਕੇ ਜਾਂਦਾ ਹੈ ।

## ਖੰਡ – ਸ

## SECTION – C

ਪ੍ਰਸ਼ਨ ਸੰਖਿਆ **11** ਤੋਂ **20** ਤਕ ਹਰ ਇਕ ਪ੍ਰਸ਼ਨ ਦੇ **3** ਅੰਕ ਹਨ ।

11. 36 ਸੈ:ਮੀ: ਅਰਧ ਵਿਆਸ ਵਾਲੇ ਚੱਕਰ ਦੇ ਇਕ ਅਰਧ ਵਿਆਸੀ ਖੰਡ ਦਾ ਖੇਤਰਫਲ 54 $\pi$ ਵਰਗ ਸੈ:ਮੀ: ਹੈ । ਸੰਗਤ ਚਾਪ ਦੀ ਲੰਬਾਈ ਪਤਾ ਕਰੋ ।

12. ਤਿੰਨ ਚੱਕਰ, ਜਿਨ੍ਹਾ ਵਿਚ ਹਰ ਇਕ ਦਾ ਅਰਧ ਵਿਆਸ 3.5 ਸੈ:ਮੀ: ਹੈ, ਇਸ ਪ੍ਰਕਾਰ ਖਿੱਚੇ ਗਏ ਕਿ ਉਨ੍ਹਾਂ ਵਿਚੋਂ ਹਰ ਇਕ ਚੱਕਰ, ਬਾਕੀਦੇ ਦੋ ਚੱਕਰਾਂਨੂ ਸਪਰਸ਼ ਕਰਦਾ ਹੈ । ਇਨ੍ਹਾਂ ਚੱਕਰਾਂ ਦੇ ਦਰਮਿਆਨ ਘਿਰੇ ਹੋਏ ਖੇਤਰ ਦਾ ਖੇਤਰਫਲ ਪਤਾ ਕਰੋ ।

13. k ਦਾ ਉਹ ਮਾਨ ਪਤਾ ਕਰੋ ਜਿਸਦੇ ਲਈ ਦੋ ਘਾਤੀ ਸਮੀਕਰਣ $(k + 1)^2 x^2 - 2(k - 1)x + 1 = 0$ ਦੇ ਮੂਲ ਬਰਾਬਰ ਹਨ ।

CAREERINDIA

14. ਉਸ ਅੰਕ ਗਣਿਤੀ ਲੜੀ ਦਾ ਸਾਂਝਾ ਅੰਤਰ ਪਤਾ ਕਰੋ, ਜਿਸਦਾ ਪੈਹਲਾ ਪਦ 1 ਹੈ ਅਤੇ ਜਿਸਦੇ ਪੈਹਲੇ 4 ਪਦਾਂ ਦਾ ਜੋੜ ਉਸਦੇ ਅਗਲੇ ਚਾਰ ਪਦਾਂ ਦੇ ਜੋੜ ਦਾ $\frac{1}{3}$ ਗੁਣਾ ਹੈ ।

15. ਧਰਤੀ ਦੇ ਇਕ ਬਿੰਦੂ ਤੋਂ, ਜਿਹੜਾ ਇਕ ਮੀਨਾਰ ਦੇ ਆਧਾਰ ਤੋਂ 30 ਮੀ: ਦੀ ਦੂਰੀ ਉਪਰ ਹੈ, ਮੀਨਾਰ ਦੀ ਚੋਟੀ ਦਾ ਉਚਾਣ ਕੋਣ $30°$ ਹੈ । ਮੀਨਾਰ ਦੀ ਉਚਾਈ ਪਤਾ ਕਰੋ ।

16. ਪਾਣੀ ਨਾਲ ਪੂਰੀ ਭਰੀ ਹੋਈ ਇਕ ਅਰਧ ਗੋਲਾਕਾਰ ਟੰਕੀ ਨੂੰ ਪਾਈਪ ਰਾਹੀਂ 7 ਲੀਟਰ ਪ੍ਰਤੀ ਸੈਕੰਡ ਦੀ ਦਰ ਨਾਲ ਖਾਲੀ ਕੀਤਾ ਜਾਂਦਾ ਹੈ । ਜੇਕਰ ਟੰਕੀ ਦਾ ਵਿਆਸ 4.2 ਮੀ: ਹੈ, ਤਾਂ ਉਹ ਕਿਤਨੇ ਸਮੇਂ ਵਿਚ ਅੱਧੀ ਖਾਲੀ ਹੋ ਜਾਏਗੀ ?

17. Y-ਧੁਰੇ ਉਪਰ ਸਥਿਤ ਉਸ ਬਿੰਦੂ ਦੇ ਨਿਰਦੇਸ਼–ਅੰਕ ਪਤਾ ਕਰੋ ਜੋ ਕਿ ਬਿੰਦੂਆਂ $(-5, -2)$ ਅਤੇ $(3, 2)$ ਤੋਂ ਬਰਾਬਰ ਦੂਰੀ ਤੇ ਹੋਵੇ ।

18. ਦੋ ਵੱਖੋ ਵੱਖ ਪਾਸਿਆਂ ਨੂੰ ਇੱਕਠੇ ਇਕ ਵਾਰੀ ਉਛਾਲਿਆ ਗਿਆ । ਉਨ੍ਹਾ ਪਾਸਿਆਂ ਉਪਰ ਅਜੇਹੀਆਂ ਦੋ ਸੰਖਿਆਵਾਂ ਦੇ ਆਣ ਦੀ ਸੰਭਾਵਨਾ ਪਤਾ ਕਰੋ, ਜਿਨ੍ਹਾਂ ਦਾ ਗੁਣਨਫਲ ਇਕ ਪੂਰਨ ਵਰਗ ਸੰਖਿਆ ਹੋਵੇ ।

19. ਧਾਤੂ ਦੇ ਇਕ ਠੋਸ ਬੇਲਨ (ਸਿਲੰਡਰ) ਜਿਸਦੀ ਉਚਾਈ 14 ਸੈ:ਮੀ. ਅਤੇ ਆਧਾਰ ਦਾ ਵਿਆਸ 7 ਸੈ:ਮੀ ਹੈ ਵਿਚੋਂ ਦੋ ਇਕ ਹੀ ਅਕਾਰ ਦੇ ਸ਼ੰਕੂ ਆਕਾਰ ਖੋਲ ਜਿਨ੍ਹਾਂ ਵਿਚੋਂ ਹਰ ਇਕ ਦਾ ਅਰਧ ਵਿਆਸ 2.1 ਸੈ:ਮੀ: ਅਤੇ ਉਚਾਈ 3 ਸੈ:ਮੀ. ਹੈ, ਖੋਦ ਹੈ ਕਢ ਦਿਤੇ ਗਏ । ਬਾਕੀ ਬਚੇ ਠੋਸ ਦਾ ਆਇਤਨ ਪਤਾ ਕਰੋ ।

20. 20 ਮੀ $\times$ 15 ਮੀ: ਆਯਾਮ ਵਾਲੇ ਇਕ ਆਇਤ ABCD ਦੇ ਹਰ ਇਕ ਸਿਖਰ ਤੋਂ 3.5 ਮੀ: ਅਰਧਵਿਆਸ ਦੇ ਚੱਕਰ ਦਾ ਚੋਥਾਈ (Quadrant) ਕਟ ਕੇ ਕਢ ਦਿਤਾ ਗਿਆ । ਆਇਤ ਦੇ ਬਾਕੀ ਭਾਗ ਦਾ ਖੇਤਰਫਲ ਪਤਾ ਕਰੋ ।

www.careerindia.com

CAREERINDIA

## ਖੰਡ – ਦ

## SECTION – D

ਪ੍ਰਸ਼ਨ ਸੰਖਿਆ **21** ਤੋਂ **31** ਤਕ ਹਰ ਇਕ ਪ੍ਰਸ਼ਨ ਦੇ **4** ਅੰਕ ਹਨ ।

21. $x$ ਦੇ ਲਈ ਹਲ ਕਰੋ :

$$\frac{4}{x} - 3 = \frac{5}{2x+3}; \left(x \neq 0, -\frac{3}{2}\right)$$

22. 7 ਦੇ ਅਜੇਹੇ ਸਾਰੇ ਗੁਣਜਾਂ, ਜੋ 500 ਤੋਂ ਘਟ ਹੋਣ, ਦਾ ਜੋੜ ਪਤਾ ਕਰੋ ।

23. ਕਿਸੇ ਸਕੂਲ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੁਲ ਮਿਲਾਕੇ ਵਿਦਿਅਕ ਪਰਦਰਸ਼ਨ ਦੇ ਲਈ 10 ਨਕਦ ਇਨਾਮ ਦੇਣ ਦੇ ਲਈ ₹ 4,000 ਦੀ ਰਕਮ ਰੱਖੀ ਗਈ ਹੈ । ਜੇਕਰ ਹਰ ਇਕ ਇਨਾਮ ਦੀ ਰਕਮ ਆਪਣੇ ਦੋ ਠੀਕ ਪੈਹਲੇ ਇਨਾਮ ਦੀ ਰਕਮ ਤੋਂ ₹ 50 ਘਟ ਹੋਵੇ, ਤਾਂ ਹਰ ਇਕ ਇਨਾਮ ਦਾ ਮਾਨ ਪਤਾ ਕਰੋ ।

    ਇਨਾਮ ਦੇਣ ਨਾਲ ਬਚਿਆਂ ਵਿਚ ਕਿਹੜੇ ਮੁੱਲਾ ਦਾ ਵਿਕਾਸ ਹੁੰਦਾ ਹੈ ?

24. ਸਿੱਧ ਕਰੋ ਕਿ ਚੱਕਰ ਦੇ ਕਿਸੇ ਬਿੰਦੂ ਉਪਰ ਸਪਰਸ਼ ਰੇਖਾ, ਸਪਰਸ਼ ਬਿੰਦੂ ਤੋਂ ਲੰਘਣ ਵਾਲੇ ਅਰਧ ਵਿਆਸ ਉਪਰ ਲੰਬ ਹੁੰਦੀ ਹੈ ।

25. ਸਿੱਧ ਕਰੋ ਕਿ ਕਿਸੇ ਚੱਕਰ ਦੇ ਪਰਿਗਤ (ਬਾਹਰ ਛੂੰਹਦੀ) ਸਮਾਂਤਰ ਚਤੁਰਭੁਜ ਇਕ ਸਮਚਤੁਰਭੁਜ ਹੁੰਦੀ ਹੈ ?

26. ਇਕ ਦਿਤੇ ਗਏ ਤ੍ਰਿਭੁਜ ABC ਦੇ ਸਮਰੂਪ ਇਕ ਹੋਰ ਤ੍ਰਿਭੁਜ, ਜਿਸਦੀਆਂ ਭੁਜਾਵਾਂ $\Delta$ABC ਦੀਆਂ ਭੁਜਾਵਾਂ ਦਾ $\frac{3}{5}$ ਹੋਣ, ਦੀ ਰਚਨਾ ਕਰਨ ਦੇ ਲਈ ਰਚਨਾ ਦੇ ਪਦ ਲਿਖੋ ।

www.careerindia.com

CAREERINDIA

27. ਸਿੱਖਰਾਂ (2, 1), (4, 3) ਅਤੇ (2, 5) ਵਾਲੇ ਤ੍ਰਿਭੁਜ ਦੀਆਂ ਭੁਜਾਵਾਂ ਦੇ ਮੱਧ ਬਿੰਦੂਆਂ ਨੂੰ ਮਿਲਾਕੇ ਬਣਨ ਵਾਲੀ ਤ੍ਰਿਭੁਜ ਦਾ ਖੇਤਰਫਲ ਪਤਾ ਕਰੋ ।

28. ਇਕ ਥੈਲੇ ਵਿਚ ਕੁਝ ਕਾਰਡ ਹਨ, ਜਿਨ੍ਹਾਂ ਉਪਰ ਸੰਖਿਆਵਾਂ 1, 3, 5, ............., 35 ਲਿਖੀਆਂ ਹੋਈਆਂ ਹਨ (ਇਕ ਕਾਰਡ ਉਪਰ ਇਕ ਸੰਖਿਆ) ਪੈਰਾ ਵਿਚੋਂ ਇਕ ਕਾਰਡ ਅਚਾਨਕ ਕਢਿਆ ਗਿਆ । ਸੰਭਾਵਨਾ ਪਤਾ ਕਰੋ ਕਿ ਕਢੇ ਹੋਏ ਕਾਰਡ ਉਪਰ ਲਿਖਿਆ ਅੰਕ

(i) 15 ਤੋਂ ਘਟ ਇਕ ਅਭਾਜ ਸੰਖਿਆ ਹੈ ।

(ii) 3 ਅਤੇ 5 ਦੋਨੋ ਤੋਂ ਭਾਗ ਹੋਣ ਵਾਲੀ ਸੰਖਿਆਂ ਹੈ ।

29. ਇਕ ਮੀਨਾਰ ਦੇ ਆਧਾਰ ਬਿੰਦੂ ਤੋਂ ਇਕ ਇਮਾਰਤ ਦੇ ਸਿਖਰ ਦਾ ਉਚਾਣ ਕੋਮ 30° ਹੈ ਅਤੇ ਇਮਾਰਤ ਦੇ ਆਧਾਰ ਬਿੰਦੂ ਤੋਂ ਮੀਨਾਰ ਦੇ ਸਿਖਰ ਦਾ ਉਚਾਣ ਕੋਣ 60° ਹੈ । ਜੇਕਰ ਮੀਨਾਰ 60 ਮੀ: ਉਚੀ ਹੋਵੇ, ਤਾਂ ਇਮਾਰਤ ਦੀ ਉਚਾਈ ਦਾ ਪਤਾ ਕਰੋ ।

30. ਧਾਤੂ ਦੇ ਇਕ ਖੋਖਲੇ ਗੋਲੇ, ਜਿਸਦੇ ਬਾਹਰਲੇ ਅਤੇ ਅੰਦਰਲੇ ਵਿਆਸ ਕਰਮ ਵਾਰ 8 ਸੈ:ਮੀ: ਅਤੇ 4 ਸੈ:ਮੀ: ਹਨ, ਨੂੰ ਪਿੰਘਲਾ ਕੇ 8 ਸੈ:ਮੀ: ਆਧਾਰ ਵਿਆਸ ਵਾਲੇ ਇਕ ਠੋਸ ਸ਼ੰਕੂ ਵਿਚ ਢਾਲਿਆ ਗਿਆ ਹੈ । ਸ਼ੰਕੂ ਦੀ ਉਚਾਈ ਪਤਾ ਕਰੋ ।

31. ਇਕ ਬਾਲ ਟੀ ਸ਼ੰਕੂ ਦੇ ਛਿੰਨਕ ਦੇ ਆਕਾਰ ਦੀ ਹੈ ਜਿਸ ਵਿਚ 28.49 ਲੀਟਰ ਪਾਣੀ ਆ ਸਕਦਾ ਹੈ । ਜੇਕਰ ਇਸ ਦੇ ਚੱਕਰਾਕਾਰ ਸਿਰਿਆਂ ਦੇ ਅਰਧ ਵਿਆਸ 28 ਸੈ:ਮੀ: ਅਤੇ 21 ਸੈ:ਮੀ: ਹਨ ਤਾਂ ਬਾਲਟੀ ਦੀ ਉਚਾਈ ਪਤਾ ਕਰੋ ।

www.careerindia.com

CAREERINDIA

www.careerindia.com